بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 17.11.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਸਚੱਾਈ ਇਹੋ ਹੈ ਕਿ
ਜੋ ਮੈਂਨੂੰ ਛੱਡੇਗਾ ਅਤੇ ਮੈਂਨੂੰ ਅਸਵੀਕਾਰ ਕਰੇਗਾ ਉਹ ਮੂੰਹੋਂ ਨ ਕਰੇ
ਪਰ ਆਪਣੇ ਅਮਲਾਂ ਰਾਹੀਂ ਉਸ ਨੇ
ਸਾਰੇ ਕੁਰਆਨ ਨੂੰ ਅਸਵੀਕਾਰ ਕਰ ਦਿਤੱਾ ਅਤੇ ਰੱਬ ਨੂੰ ਛੱਡ ਦਿਤੱਾ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਨਵੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਹਜ਼ਰਤ ਮਸੀਹ ਮੋਊਦ ਅਲੈਹਿਸ ਸਲਾਮ ਆਪਣੇ ਇਕ ਸ਼ੇਅਰ ਵਿੱਚ ਫ਼ਰਮਉਂਦੇ ਹਨ ਕਿ

ਵਕਤ ਥਾ ਵਕਤੇ ਮਸੀਹਾ ਨ ਕਿਸੀ ਔਰ ਕਾ ਵਕਤ ਮੈਂ ਨ ਆਤਾ ਤੋ ਕੋਈ ਔਰ ਹੀ ਅਯਾ ਹੋਤਾ

ਉਹ ਸਮਾਂ ਜਿਸ ਵਿੱਚੋਂ ਉਸ ਸਮੇਂ ਦੇ ਮੁਸਲਮਾਨ ਲੰਘ ਰਹੇ ਸਨ, ਦਰਦ ਤੇ ਪੀੜ੍ਹਾ ਰਖੱਣ ਵਾਲੇ ਮੁਸਲਮਨਾਂ ਲਈ ਅਤਿਅੰਤ ਬੇਚੈਨੀ ਤੇ ਚਿੰਤਾ ਦਾ ਸਮਾਂ ਸੀ, ਲਖੱਾਂ ਹੀ ਮੁਸਲਮਾਨ ਇਸਾਈ ਹੋ ਗਏ ਸਨ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਫ਼ਰਮਾਨ ਅਨੁਸਾਰ ਅਜਿਹੀ ਹਾਲਤ ਹੋ ਗਈ ਸੀ ਕਿ ਇਮਾਨ 'ਸੁਰਯੱਾ ਤਾਰੇ' 'ਤੇ ਜਾ ਚੁਕਿਆ ਸੀ । ਕਰਮ ਰੂਪੀ ਮੁਸਲਮਾਨਾ ਵਿੱਚ ਨ ਦੀਨ ਬਾਕੀ ਸੀ ਅਤੇ ਨ ਹੀ ਇਸਲਾਮ ਦੀ ਹਕੀਕਤ ਬਾਕੀ ਰਹੀ ਸੀ । ਇਸ ਦਾ ਦਰਦ ਰਖੱਣ ਵਾਲੇ ਇਸ ਉਡੀਕ ਵਿੱਚ ਸਨ ਕਿ ਕੋਈ ਮਸੀਹਾ ਆਏ ਅਤੇ ਇਸਲਾਮ ਦੀ ਇਸ ਡੋਲਦੀ ਬੇੜੀ ਨੂੰ ਸੰਭਾਲੇ । ਇਹਨਾਂ ਵਿੱਚੋਂ ਵਿੱਚ ਇਕ ਮਹਾਨ ਬਜ਼ੁਰਗ ਹਜ਼ਰਤ ਸੂਫ਼ੀ ਅਹਮਦ ਜਾਨ ਸਾਹਬ ਲੁਧਿਆਨਵੀ ਵੀ ਸਨ, ਇਨ੍ਹਾ ਦੀ ਪ੍ਰਸਿੱਧੀ ਬਹੁਤ ਦੂਰ ਦੂਰ ਸੀ, ਇਹਨਾਂ ਦੇ ਮੁਰੀਦ ਵੀ ਬਹੁਤ ਸਨ । ਇਹਨਾ ਦੀ ਬਜ਼ੁਰਗੀ ਕਰਕੇ ਇਕ ਵਾਰ ਮਹਾਰਾਜਾ ਜੰਮੂ ਨੇ ਇਹਨਾਂ ਨੂੰ ਦਾਅਵਤ ਦੇਕੇ ਕਿਹਾ ਕਿ ਆਪ ਜੰਮੂ ਆਣਕੇ ਮੇਰੇ ਲਈ ਦੁਆ ਕਰਨ, ਪਰ ਆਪ ਨੇ ਇਨਕਾਰ ਕਰ ਦਿਤੱਾ ਅਤੇ ਕਿਹਾ ਕਿ ਜੇਕਰ ਦੁਆ ਕਰਾਉਣੀ ਹੈ ਤੇਂ ਮੇਰੇ ਕੋਲ ਆਣਕੇ ਦੁਆ ਕਰਾਉਣ । ਬਹਿਰਹਾਲ ਵੱਡੇ ਵੱਡੇ ਲੋਕ ਇਹਨਾਂ ਦੇ ਮੁਰੀਦ ਸਨ ।

ਹਜ਼ਰਤ ਸੂਫ਼ੀ ਅਹਮਦ ਜਾਨ ਸਾਹਬ ਨੂੰ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨਾਲ ਅਰੰਭ ਤੋਂ ਹੀ ਬਹੁਤ ਅਕੀਦਤ ਦਾ ਸੰਬੰਧ ਸੀ । ਉਸ ਸਮੇਂ, ਹੁਣੇ ਹਜ਼ਰਤ ਮਸੀਹ ਮੌਊਦ ਅਲਐਹਿ ਸਲਾਮ ਨੇ ਦਾਵਾ ਨਹੀਂ ਕੀਤਾ ਸੀ, ਦਾਵੇ ਤੋਂ ਪਹਿਲਾਂ ਉਹਨਾਂ ਦੀ ਵਫ਼ਾਤ ਹੋ ਗਈ । ਉਹਨਾਂ ਨੇ ਹੀ ਉਸ ਸਮੇਂ ਦੇ ਹਾਲਾਤ ਦੇਖਦਿਆਂ ਹੋਇਆਂ ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਅਰਜ਼ ਕੀਤੀ ਸੀ ਕਿ

ਹਮ ਮਰੀਜ਼ੋਂ ਕੀ ਹੈ ਤੁਮਹੀ ਪੇ ਨਿਗਾਹ ਤੁਮ ਮਸੀਹ ਬਨੋ ਖ਼ੁਦਾ ਕੇ ਲਿਯੇ

ਬਹਿਰਹਾਲ ਜਿਵੇਂ ਕਿ ਮੈਂ ਕਿਹਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਤੋਂ ਪਹਿਲਾਂ ਹੀ ਉਹਨਾਂ ਦੀ ਵਫ਼ਾਤ ਹੋ ਗਈ ਸੀ, ਪਰ ਉਹਨਾਂ ਨੂੰ ਵਿਸ਼ਵਾਸ ਸੀ ਕਿ ਆਪ ਹੀ ਜ਼ਮਾਨੇ ਦੇ ਇਮਾਮ ਅਤੇ ਮਸੀਹ ਮੌਊਦ ਹਨ । ਇਸ ਲਈ ਉਹਨਾਂ ਨੇ ਆਪਣੀ ਸੰਤਾਨ ਨੂੰ, ਆਪਣੇ ਮੁਰੀਦਾਂ ਨੂੰ ਇਹ ਨਸੀਹਤ ਕੀਤੀ ਸੀ ਕਿ ਜੱਦ ਵੀ ਦਾਵਾ ਹੋਵੇਗਾ ਤੁਸੀਂ ਮੰਨ ਲੈਂਣਾ । ਬਹਿਰਹਾਲ ਜਾਗਰੂਕਤਾ ਰਖੱਣ ਵਾਲੇ ਲੋਕ ਜਾਣਦੇ ਸਨ ਕਿ ਇਸਲਾਮ ਦੀ ਇਸ ਡੋਲਦੀ ਬੇੜੀ ਨੂੰ ਜੇਕਰ ਇਸ ਯੁੱਗ ਵਿੱਚ ਕੋਈ ਸੰਭਾਲ ਸਕਦਾ ਹੈ ਤਾਂ ਉਹ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਹਨ ਕਿਉਂਕਿ ਆਪ ਨੇ ਬ੍ਰਾਹੀਨ ਅਹਮਦੀਆ ਲਿੱਖਕੇ ਇਸਲਾਮ ਵਿਰੋਧੀਆਂ ਦੇ ਮੂੰਹ ਬੰਦ ਕਰ ਦਿੱਤੇ ਸਨ । ਜੱਦ ਤੱਕ ਆਪ ਨੇ ਦਾਵਾ ਨਹੀਂ ਕੀਤਾ ਵੱਡੇ ਵੱਡੇ ਓਲਮਾ (ਮੌਲਵੀ) ਆਪ ਦੀ ਇਸ ਗੱਲ ਨਾਲ ਸਹਿਮਤ ਸਨ, ਪਰ ਜੱਦ ਰੱਬ ਦੀ ਆਗਿਆ ਨਾਲ ਆਪ ਨੇ ਦਾਵਾ ਕੀਤਾ ਤਾਂ ਇਹੋ ਓਲਮਾ ਆਪਣੇ ਵਿਅਕਤੀਗੱਤ ਸੁਆਰਥਾਂ ਖ਼ਾਤਰ ਆਪ ਦੀ ਵਿਰੋਧਤਾ ਕਰਨ ਲੱਗ ਗਏ ਅਤੇ ਅੱਜ ਤੱਕ ਇਹੋ ਮੌਕਾ ਪਰਸਤ ਮੌਲਵੀ ਹਨ ਜੋ ਆਪ ਦੀ ਵਿਰੋਧਤਾ ਕਰ ਰਹੇ ਹਨ ਅਤੇ ਸਾਧਾਰਣ ਮੁਸਲਮਾਨਾ ਦੇ ਦਿਲਾਂ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਆਪਦੀ ਜਮਾਤ ਦੇ ਖ਼ਿਲਾਫ਼ ਨਫ਼ਰਤਾਂ ਪੈਦਾ ਕਰ ਰਹੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੀਆਂ ਅਨੇਕਾਂ ਲੇਖਣੀਆਂ, ਭਾਸ਼ਣਾ ਤੇ ਸਭਾਵਾਂ ਵਿੱਚ ਆਪਣੇ ਦਾਵੇ ਦੇ ਸੱਚੇ ਹੋਣ ਦੀਆਂ ਦਲੀਲਾਂ ਦਿੱਤੀਆਂ । ਜ਼ਮਾਨੇ ਦੀ ਲੋੜ ਅਨੁਸਾਰ ਮਸੀਹ ਮੌਊਦ ਦੇ ਆਉਣ ਅਤੇ ਰੱਬ ਦੀ ਤਾਈਦ ਆਪ ਦੇ ਪੱਖ ਹੋਣ ਵਿੱਚ ਹੋਣ ਬਾਰੇ ਲੋਕਾਂ ਨੂੰ ਦੱਸਿਆ । ਜੋ ਸਾਫ਼ ਦਿਲ ਸਨ ਉਹਨਾਂ ਦੀ ਸਮਝ ਵਿੱਚ ਤਾਂ ਆ ਗਈ ਅਤੇ ਜਿੰਨ੍ਹਾ ਦੇ ਦਿਲਾਂ ਵਿੱਚ ਕੀਨਾ ਤੇ ਸਾੜਾ ਸੀ, ਸੁਆਰਥ ਸੀ, ਮੌਕਾ ਪ੍ਰਸਤੀ ਸੀ ਉਹਨਾ ਦੀ ਸਮਝ ਵਿੱਚ ਨਹੀਂ ਆਈ ।

ਫ਼ਰਮਾਇਆ : ਇਸ ਸਮੇਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਬਦਾਂ ਵਿੱਚ ਹੀ ਕੁਝ ਦਲੀਲਾਂ ਵਰਨਣ ਕਰਾਂਗਾ ਜੋ ਆਪ ਜੀ ਨੇ ਵਰਨਣ ਕੀਤੀਆਂ ਹਨ । ਆਪ ਫ਼ਰਮਾਓਂਦੇ ਹਨ ਕਿ :

ਹੁਣ ਕੋਈ ਸਾਡੇ ਦਾਵੇ ਨੂੰ ਛੱਡੇ ਅਤੇ ਵਖੱਰਿਆਂ ਰਹਿਣ ਦੇਵੇ, ਪਰ ਇਹਨਾਂ ਗਲੱਾਂ ਨੂੰ ਸੋਚਕੇ ਉੱਤਰ ਦੇਵੇ ਕਿ ਮੈਂਨੂ ਅਸਵੀਕਾਰ ਕਰੋਗੇ ਜਾਂ ਇਸਲਾਮ ਹੱਥੋਂ ਦੇਣਾ ਪਵੇਗਾ । ਪਰ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਕੁਰਆਨ ਸ਼ਰੀਫ਼ ਦੇ ਵਾਦਿਆਂ ਅਨੁਸਾਰ ਰੱਬ ਨੇ ਆਪਣੇ ਦੀਨ (ਧਰਮ) ਦੀ ਸੁਰੱਖਿਆ ਕੀਤੀ ਹੈ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਪੇਸ਼ਗੋਈ (ਭਵਿਖੱਬਾਣੀ) ਪੂਰੀ ਹੋਈ ਕਿਉਂਕਿ ਐਨ ਲੋੜ ਸਮੇਂ ਰੱਬ ਦੇ ਵਾਦਿਆਂ ਅਨੁਸਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਖ਼ੁਸ਼ਖਬਰੀ ਅਨੁਸਾਰ ਰੱਬ ਨੇ ਇਹ ਸਿਲਸਿਲਾ (ਜਮਾਤ) ਕਾਇਮ ਕੀਤਾ ਅਤੇ ਇਸ ਪ੍ਰਮਾਣਤ ਹੋ ਗਿਆ ਕਿ 'ਸਿਦਕੁਲੱਾ ਵ ਰਸੂਲਾ' ਅਰਥਾਤ ਰੱਬ ਤੇ ਉਸਦੇ ਰਸੂਲ ਦੀਆਂ ਗਲੱਾਂ ਸੱਚੀਆਂ ਹਨ । ਜ਼ਾਲਮ ਹੈ ਉਹ ਜੋ ਇਹਨਾ ਨੂੰ ਅਸਵੀਕਾਰ ਕਰਦਾ ਹੈ ।

ਆਪ ਨੇ 1903 ਈ. ਵਿੱਚ ਇਹ ਵਰਨਣ ਕੀਤਾ ਕਿ ਮੇਰੇ ਦਾਵੇ ਨੂੰ 22ਸਾਲ ਲੰਘ ਚੁਕੇ ਹਨ ਅਤੇ ਰੱਬ ਦੀਆਂ ਤਾਈਦਾਂ ਮੇਰੇ ਪੱਖ ਵਿੱਚ ਹਨ । ਜੇਕਰ ਮੈਂ ਝੂਠਾ ਹਾਂ ਤਾਂ ਫਿਰ ਇਹ ਰੱਬ ਦੀਆਂ ਤਾਈਦਾਂ ਮੇਰੇ ਪੱਖ ਵਿੱਚ ਕਿਉਂ ਹਨ । ਦੂਜਾ ਆਪ ਨੇ ਫ਼ਰਮਾਰਇਆ ਕਿ ਜ਼ਮਾਨੇ ਦੀ ਲੋੜ ਹੈ ਅਤੇ ਸਾਰੇ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਇਸ ਜ਼ਮਾਨੇ ਵਿੱਚ ਮਸੀਹ ਨੇ ਆਉਣਾ ਸੀ ਅਤੇ ਜੱਦ ਲੋੜ ਹੈ ਤਾਂ ਜੇਕਰ ਮੈਂ ਨਹੀਂ ਤਾਂ ਕੋਈ ਹੋਰ ਦੂਜਾ ਪੇਸ਼ ਕਰੋ । ਬਹਿਰਹਾਲ ਕੋਈ 'ਮੁਸਲਿਹ' (ਸੁਧਾਰਕ) ਆਉਣਾ ਚਾਹੀਦਾ ਹੈ ਮੁਸਲਮਾਨਾ ਦੇ ਸੁਧਾਰ ਲਈ । ਕਿਉਂਕਿ ਜ਼ਮਾਨੇ ਵਿੱਚ ਫ਼ਸਾਦ ਅੰਤ ਨੂੰ ਪਹੁੰਚਿਆ ਹੋਇਆ ਹੈ ਅਤੇ ਮੁਸਲਮਾਨਾ ਵਿੱਚ ਵੀ ਫ਼ਸਾਦ ਅੰਤ ਨੂੰ ਪਹੁੰਚਿਆ ਹੋਇਆ ਹੈ । ਸੋ ਜੇਕਰ ਮੈਂਨੂੰ ਝੂਠਾ ਆਖਣਾ ਹੈ ਤਾਂ ਇਸ ਦੀਆਂ ਦੋ ਹੀ ਅਵਸਥਾਵਾਂ ਹਨ , ਜਾਂ ਤਾਂ ਦੂਜਾ ਸੁਧਾਰਕ ਪੇਸ਼ ਕਰੋ, ਕਿਉਂਕਿ ਜ਼ਮਾਨਾ ਚਾਹੁੰਦਾ ਹੈ ਕਿ ਕੋਈ ਸੁਧਾਰਕ ਆਏ ਜਾਂ ਰੱਬ ਦੇ ਵਾਦਿਆਂ ਨੂੰ ਅਸਵੀਕਾਰ ਕਰੋ । ਕਹੋ ਕਿ ਸਾਰੇ ਵਾਦੇ ਝੂਠੇ ਸਨ, ਅਜਿਹੇ ਵਿਗੜੇ ਹੋਏ ਹਾਲਾਤਾਂ ਵਿੱਚ ਕਿਸੇ ਸੁਧਾਰਕ ਦੇ ਭੇਜਣ ਦਾ ਜੋ ਵਾਦਾ ਸੀ ਝੂਠਾ ਸੀ, ਗ਼ਲਤ ਸੀ । ਆਪ ਨੇ ਫ਼ਰਮਾਇਆ ਕਿ ਧਰਮ ਦੀ ਸੁਰੱਖਿਆ ਦੀ ਬਹਿਰਹਾਲ ਲੋੜ ਹੈ, ਫ਼ਰਮਾਇਆ ਕਿ ਕਈ ਲੋਕ ਅਜਿਹੇ ਵੀ ਦੇਖੇ ਜਾਂਦੇ ਹਨ ਜੋ ਕਹਿੰਦੇ ਹਨ ਕਿ ਸੁਰੱਖਿਆ ਦੀ ਕੋਈ ਲੋੜ ਨਹੀਂ। ਉਹ ਵੱਡੀ ਗ਼ਲਤੀ ਕਰਦੇ ਹਨ ।

ਇਸ ਪ੍ਰਕਾਰ ਦੀਆਂ ਗਲੱਾਂ ਉਹ ਲੋਕ ਕਰ ਸਕਦੇ ਹਨ ਜਿੰਨ੍ਹਾ ਨੂੰ ਜਾਂ ਤਾਂ ਇਸਲਾਮ ਨਾਲ ਕੋਈ ਸੰਬੰਧ ਨਹੀਂ ਤੇ ਕੋਈ ਦਰਦ ਨਹੀਂ ਹੈ ਅਤੇ ਜਾਂ ਉਹ ਲੋਕ ਜਿੰਨ੍ਹਾ ਨੇ ਕੋਠਰੀਆਂ ਦੇ ਹਨ੍ਹੇਰੇ ਵਿੱਚ ਜੀਵਨ ਲੰਘਾਇਆ ਹੈ ਅਤੇ ਬਾਹਰ ਦੀ ਦੁਨੀਆ ਦੀ ਉਹਨਾਂ ਨੂੰ ਕੁਝ ਖ਼ਬਰ ਨਹੀਂ ਹੈ । ਸੋ, ਅਜਿਹੇ ਲੋਕ ਜੇਕਰ ਹਨ ਤਾਂ ਉਹਨਾਂ ਦੀ ਕੁਝ ਪਰਵਾਹ ਨਹੀਂ । ਹਾਂ ਉਹ ਲੋਕ ਜੋ ਮਨ ਦਾ ਚਾਨ੍ਹਣਾ ਰਖੱਦੇ ਹਨ ਜਿੰਨ੍ਹਾ ਨੂੰ ਇਸ ਇਸਲਾਮ ਨਾਲ ਪ੍ਰੇਮ ਅਤੇ ਸੰਬੰਧ ਹੈ ਅਤੇ ਜ਼ਮਾਨੇ ਦੇ ਹਾਲਾਤਾਂ ਨਾਲ ਜਾਣੂ ਹਨ ਉਹਨਾਂ ਨੂੰ ਸਵੀਕਾਰ ਕਰਨਾ ਪੈਂਦਾ ਹੈ ਕਿ ਇਹ ਸਮਾਂ ਕਿਸੇ ਮਹਾਨ ਸੁਧਾਰਕ ਦਾ ਸਮਾਂ ਹੈ ।

ਹਜ਼ਰਤ ਮਸੀਹ ਮੋਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੇਕਰ ਮੇਰਾ ਇਨਕਾਰ ਕਰਦੇ ਹੋ, ਮੈਂਨੂੰ ਅਸਵੀਕਾਰ ਕਰਦੇ ਹੋ ਤਾਂ ਤੁਸੀਂ ਅਸਲ ਵਿੱਚ ਰੱਬ ਅਤੇ ਉਸ ਦੇ ਰਸੂਲ ਨੂੰ ਅਸਵੀਕਾਰ ਕਰ ਰਹੇ ਹੋ । ਆਪ ਫ਼ਰਮਾਉਂਦੇ ਹਨ ਕਿ ਮੇਰਾ ਇਨਕਾਰ ਮੇਰਾ ਇਨਕਾਰ ਨਹੀਂ ਹੈ ਸਗੋਂ ਇਹ ਰੱਬ ਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦਾ ਇਨਕਾਰ ਹੈ ਕਿਉਂਕਿ ਜੋ ਮੈਂਨੂੰ ਅਸਵੀਕਾਰ ਕਰਦਾ ਹੈ, ਉਹ ਮੈਂਨੂੰ ਅਸਵੀਕਾਰ ਕਰਕੇ ਰੱਬ ਦੇ ਆਦੇਸ਼ ਨੂੰ ਝੂਠਾ ਠਹਿਰਾਉਂਦਾ ਹੈ ਜੱਦ ਕਿ ਉਹ ਦੇਖਦਾ ਹੈ ਕਿ ਅੰਦਰੂਨੀ ਤੇ ਬਾਹਰੀ ਫ਼ਸਾਦ ਹੱਦੋਂ ਵਧੇ ਹੋਏ ਹਨ ਅਤੇ ਰੱਬ ਨੇ ਆਪਣੇ ਵਾਦੇ ( إِنَّا نَحْنُ نَزَّلْنَا الذِّكْرَ وَإِنَّا لَهُ لَحَافِظُونَ) 'ਇਨੱਾ ਨਹਨੁ ਨਜ਼ੱਲ ਨਜ਼ ਜ਼ਿਕਰਾ ਵ ਇਨੱਾ ਲਹੁ ਲਹਾਫ਼ਿਜ਼ੂਨ' ਦੇ ਹੁੰਦਿਆਂ ਹੋਇਆਂ ਵੀ ਉਹਨਾਂ ਦੇ ਸੁਧਾਰ ਲਈ ਕੋਈ ਪ੍ਰਬੰਧ ਨ ਕੀਤਾ ਜੱਦ ਕਿ ਉਹ ਇਸ ਗੱਲ'ਤੇ ਦੇਖਣ ਨੂੰ ਇਮਾਨ ਲਿਆਉਂਦਾ ਹੈ ਕਿ ਰੱਬ ਨੇ ਇਹ ਆਇਤ 'ਇਸਤਖ਼ਲਾਫ਼' ਵਿੱਚ ਵਾਦਾ ਕੀਤਾ ਸੀ ਕਿ ਮੂਸਵੀ ਸਿਲਸਿਲੇ ਵਾਂਗ ਮੁਹਮੱਦੀ ਸਿਲਸਿਲੇ ਵਿੱਚ ਵੀ ਖ਼ਲੀਫ਼ਿਆਂ ਦਾ ਸਿਲਸਿਲਾ ਕਾਇਮ ਕਰੇਗਾ । ਕੀ ਉਸ ਨੇ ਰੱਬ ਦੇ ਇਸ ਵਾਦੇ ਨੂੰ ਪੂਰਾ ਨਹੀਂ ਕੀਤਾ । ਅਤੇ ਇਸ ਸਮੇਂ ਕੋਈ ਖ਼ਲੀਫ਼ਾ ਇਸ ਉਮੱਤ ਵਿੱਚ ਨਹੀਂ ਅਤੇ ਨ ਕੇਵਲ ਇੱਥੋਂ ਤੱਕ ਹੀ ਸਗੋਂ ਇਸ ਗੱਲ ਦਾ ਵੀ ਇਨਕਾਰ ਕਰਨਾ ਪਏਗਾ ਕਿ ਕੁਰਆਨ ਕਰੀਮ ਨੇ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ 'ਮਸੀਲੇ ਮੂਸਾ' (ਮੂਸਾ ਵਾਂਗ) ਕਰਾਰ ਦਿਤੱਾ ਹੈ, ਇਹ ਵੀ ਠੀਕ ਨਹੀਂ ਹੈ

। ਕਿਉਂਕਿ ਇਸ ਸਿਲਸਿਲੇ ਦੀ ਸਮਾਨਤਾ ਤੇ ਸੁਮੇਲ ਲਈ ਜ਼ਰੂਰੀ ਸੀ ਕਿ ਇਸ ਚੌਦਵੀਂ ਸਦੀ ਦੇ ਸਿਰੇ'ਤੇ ਇਸੇ ਉਮੱਤ ਵਿੱਚੋਂ ਇਕ ਮਸੀਹ ਪੈਦਾ ਹੁੰਦਾ । ਉਸੇ ਪ੍ਰਕਾਰ ਜਿਵੇਂ ਮੂਸਵੀ ਸਿਲਸਿਲੇ ਵਿੱਚ ਚੌਦਵੀ ਸਦੀ ਦੇ ਸਿਰੇ'ਤੇ ਇਕ ਮਸੀਹ ਆਇਆ ਅਤੇ ਇਸੇ ਪ੍ਰਕਾਰ ਕੁਰਆਨ ਸ਼ਰੀਫ਼ ਦੀ ਇਸ ਆਇਤ ਨੂੰ ਵੀ ਝੁਠਲਾਉਂਣਾ ਪਵੇਗਾ ਜੋ وَّاٰخَرِيْنَ مِنْهُمْ لَمَّا يَلْحَقُوْا بِهِمْ 'ਆਖ਼ਰੀਨਾ ਮਿਨਹੁਮ ਲਮੱਾ ਯਲਹਕੂ ਬਿਹਿਮ' ਵਿੱਚ ਇਕ ਆਉਣ ਵਾਲੇ ਅਹਮਦੀ ਬਰੂਜ਼ ਦੀ ਖ਼ਬਰ ਦਿੰਦੀ ਹੈ ਅਤੇ ਇਸੇ ਪ੍ਰਕਾਰ ਕੁਰਆਨ ਕਰੀਮ ਦੀਆਂ ਕਈ ਆਇਤਾ ਹਨ ਜਿੰਨ੍ਹਾ ਨੂੰ ਅਸਵੀਕਾਰ ਕਰਨਾ ਲਾਜ਼ਮ ਹੋਵੇਗਾ । ਫ਼ਰਮਾਇਆ, ਫਿਰ ਸੋਚੋ ਕਿ ਕੀ ਮੇਰਾ ਇਨਕਾਰ ਕੋਈ ਸੌਖਾ ਕੰਮ ਹੈ । ਇਹ ਮੈਂ ਆਪਣੇ ਵੱਲੋਂ ਨਹੀਂ ਕਹਿੰਦਾ । ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਇਹੋ ਸੱਚ ਹੈ ਕਿ ਜੋ ਮੈਂਨੂੰ ਛੱਡੇਗਾ ਅਤੇ ਮੈਂਨੂ ਅਸਵੀਕਾਰ ਕਰੇਗਾ ਉਹ ਮੂੰਹ ਨਾਲ ਨ ਕਰੇ ਪਰ ਆਪਣੇ ਅਮਲਾਂ ਨਾਲ ਉਸ ਨੇ ਸਾਰੇ ਕੁਰਆਨ ਕਰੀਮ ਨੂੰ ਝੁਠਲਾ ਦਿਤੱਾ ਅਤੇ ਰੱਬ ਨੂੰ ਛੱਡ ਦਿਤੱਾ ।

ਫਿਰ ਫਰਮਾਉਂਦੇ ਹਨਕਿ ਕਿ ਮੇਰਾ ਇਨਕਾਰ ਮੇਰਾ ਇਨਕਾਰ ਨਹੀਂ, ਇਹ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਇਨਕਾਰ ਹੈ । ਹੁਣ ਕੋਈ ਇਸ ਤੋਂ ਪਹਿਲਾਂ ਕਿ ਮੈਂਨੂੰ ਅਸਵੀਕਾਰ ਕਰੇ ਅਤੇ ਇਨਕਾਰ ਕਰਨ ਲਈ ਜੁਰੱਤ ਕਰੇ ਰਤਾ ਆਪਣੇ ਦਿਲ ਵਿੱਚ ਸੋਚੇ ਅਤੇ ਇਸ ਤੋਂ ਫ਼ਤਵਾ ਮੰਗੇ ਕਿ ਉਹ ਕਿਸ ਨੂੰ ਅਸਵੀਕਾਰ ਕਰਦਾ ਹੈ ।

ਫਿਰ ਇਸ ਗੱਲ ਨੂੰ ਹੋਰ ਵਧੇਰੇ ਵਿਸਥਾਰ ਨਾਲ ਕਿ ਆਪ ਦੇ ਇਨਕਾਰ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਇਨਕਾਰ ਕਿਵੇਂ ਹੁੰਦਾ ਹੈ ਆਪ ਫ਼ਰਮਾਉਂਦੇ ਹਨ ਕਿ ਆਪ ਸਲਲੱਾਹੁ ਅਲੈਹਿ ਵਸਲਮ ਨੇ ਜੋ ਵਾਦਾ ਕੀਤਾ ਸੀ ਕਿ ਹਰ ਸਦੀ ਵਿੱਚ ਮੁਜਦੱਦ ਆਏਗਾ, ਉਹ ਝੂਠਾ ਨਿਕਲਿਆ । ਫਿਰ ਆਪ ਨੇ ਜੋ (امامکم منکم) 'ਇਮਾਮੁ ਕੁਮ ਮਿਨਕੁਮ' ਫ਼ਰਮਾਇਆ ਸੀ ਉਹ ਵੀ ਗ਼ਲਤ ਹੋ ਗਿਆ ਅਤੇ ਆਪ ਨੇ ਜੋ ਸਲੀਬੀ ਫ਼ਿਤਨਾ ਦੇ ਸਮੇਂ ਇਕ ਮਸੀਹ ਤੇ ਮਹਦੀ ਦੇ ਆਉਣ ਦੀ ਖ਼ੁਸ਼ਖ਼ਬਰੀ ਦਿੱਤੀ ਸੀ ਉਹ ਵੀ ਗਲਤ ਨਿਕਲੀ ਕਿਉਂਕਿ ਫ਼ਿਤਨਾ ਤਾਂ ਆਗਿਆ ਪਰ ਉਹ ਆਉਣ ਵਾਲਾ ਇਮਾਮ ਨਹੀਂ ਆਇਆ । ਹੁਣ ਇਸ ਗਲੱਾਂ ਨੂੰ ਜੱਦ ਕੋਈ ਸਵੀਕਾਰ ਕਰੇਗਾ ਤਾਂ ਅਮਲੀ ਤੌਰ'ਤੇ ਕੀ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਇਨਕਾਰੀ ਨਹੀਂ ਠਹਿਰੇਗਾ । ਫ਼ਰਮਾਇਆ ਸੋ, ਮੈਂ ਖੋਲਕੇ ਕਹਿੰਦਾ ਹਾਂ ਕਿ ਮੇਰਾ ਇਨਕਾਰ ਕੋਈ ਸੌਖਾ ਕੰਮ ਨਹੀਂ । ਮੈਂਨੂੰ ਕਾਫ਼ਰ ਕਹਿਣ ਤੋਂ ਪਹਿਲਾਂ ਆਪ ਖ਼ੁੱਦ ਕਾਫ਼ਰ ਬਣਨਾ ਪਏਗਾ, ਮੈਂਨੂੰ ਬੇਦੀਨ ਅਤੇ ਗੁੰਮਰਾਹ ਕਹਿਣ ਵਿੱਚ ਦੇਰ ਹੋਵੇਗੀ ਪਰ ਪਹਿਲਾਂ ਆਪਣੀ ਗੁੰਮਰਾਹੀ ਤੇ ਝੂਠ ਨੂੰ ਮੰਨ ਲੈਂਣਾ ਹੋਵੇਗਾ । ਮੈਂਨੂੰ ਕੁਰਆਨ ਕਰੀਮ ਤੇ ਹਦੀਸਾਂ ਨੂੰ ਛਡੱਣ ਵਾਲਾ ਕਹਿਣ ਤੋਂ ਪਹਿਲਾਂ ਆਪ ਕੁਰਆਨ ਕਰੀਮ ਤੇ ਹਦੀਸ ਨੂੰ ਛੱਡ ਦੇਣਾ ਪਏਗਾ ਅਤੇ ਫਿਰ ਵੀ ਉਹੋ ਛੱਡੇਗਾ । ਮੈਂ ਕੁਰਆਨ ਕਰੀਮ ਤੇ ਹਦੀਸ ਦਾ ਪ੍ਰਮਾਣਕ ਤੇ ਤਸਦੀਕ ਕਰਨ ਵਾਲਾ ਹਾਂ, ਮੈਂ ਗੁਮਰਾਹ ਨਹੀਂ ਸਗੋਂ ਮਹਦੀ ਹਾਂ, ਮੈਂ ਮਾਫ਼ਰ ਨਹੀਂ ਸਗੋਂ 'ਅਨਾ ਅਵਲੁਲ ਮੋਮਿਨੀਨ' ਦਾ ਪ੍ਰਮਾਣਕ ਤੇ ਸਹੀ ਹਾਂ ਅਤੇ ਜੋ ਕੁਝ ਮੈਂ ਕਹਿੰਦਾ ਹਾਂ ਰੱਬ ਨੇ ਮੇਰੇ ਉਪੱਰ ਪ੍ਰਕਾਟ ਕੀਤਾ ਹੈ ਕਿ ਇਹ ਸੱਚ ਹੈ । ਜਿਸ ਨੂੰ ਰੱਬ ਉਪੱਰ ਯਕੀਨ ਹੈ ਜੋ ਕੁਰਆਨ ਕਰੀਮ ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਸੱਚ ਮੰਨ੍ਹਦਾ ਹੈ ਉਸ ਲਈ ਇਹੋ ਦਲੀਲ ਬਹੁਤ ਹੈ ਕਿ ਮੇਰੇ ਮੂੰਹੋਂ ਸੁਣਕੇ ਚੁੱਪ ਹੋ ਜਾਏ ਪਰ ਜੋ ਦਲੇਰ ਅਤੇ ਬੇਬਾਕ ਹੈ ਉਸ ਦਾ ਇਲਾਜ ਕੀ ਹੈ । ਰੱਬ ਉਸਨੂੰ ਆਪ ਸਮਝਾਏਗਾ ।

ਫਿਰ ਮਸੀਹ ਮੌਊਦ ਦੇ ਆਉਣ ਬਾਰੇ ਕੁਝ ਨਿਸ਼ਾਨੀਆਂ ਨੂੰ ਵਰਨਣ ਕਰਦਿਆਂ ਹੋਇਆ ਆਪ ਫ਼ਰਮਾਉਂਦੇ ਹਨ ਕਿ ਵਾਸਤਵ ਵਿੱਚ ਇਹ ਰੇਲਵੇ ਮਸੀਹ ਮੌਊਦ ਦਾ ਇਕ ਨਿਸ਼ਾਨ ਹੈ । ਕੁਰਆਨ ਕਰੀਮ ਵਿੱਚ ਵੀ ਇਸ ਵੱਲ ਸੰਕੇਤ ਹੈ । (واذاالعشار عطلت) 'ਵ ਇਜ਼ ਇਸ਼ਾਰੁ ਉੱਤਿਲਤ' ਕਿ ਜੱਦ ਦਸ ਮਹੀਨਿਆਂ ਦੀ ਗਾਭਨ ਊਠਣੀਆਂ ਛੱਡ ਦਿੱਤੀਆਂ ਜਾਣਗੀਆਂ । ਫ਼ਰਮਾਇਆ ਦੀਨਦਾਰੀ ਸੰਜਮਤਾ ਨਾਲ ਹੁੰਦੀ ਹੈ ਇਹ ਲੋਕ ਗ਼ੌਰ ਕਰਨ ਤਾਂ ਸਾਫ਼ ਪਤਾ ਲੱਗ ਜਾਂਦਾ ਹੈ ਕਿ ਕਿ ليترکن القلاص ਵਿੱਚ ਰੇਲ ਵੱਲ ਸੰਕੇਤ ਹੈ ਕਿਉਂਕਿ ਜੇਕਰ ਇਸ ਤੋਂ ਰੇਲ ਮੁਰਾਦ ਨਹੀਂ ਤਾਂ ਫਿਰ ਉਹਨਾਂ ਦਾ ਕਰਤਵ ਹੈ ਕਿ ਉਹ ਦਸੱਣ ਜਿਸ ਨਾਲ ਊਠ ਛੱਡ ਦਿੱਤੇ ਜਾਣਗੇ। ਪਹਿਲੀਆਂ ਕਿਤਾਬਾਂ ਵਿੱਚ ਵੀ ਸੰਕੇਤ ਹੈ ਕਿ ਮਸੀਹ ਦੇ ਜ਼ਮਾਨੇ ਵਿੱਚ ਆਵਾਜਾਈ ਸੌਖੀ ਹੋ ਜਾਵੇਗੀ । ਫ਼ਰਮਾਇਆ ਅਸਲ ਤਾਂ ਇਹ ਹੈ ਕਿ ਐਨ੍ਹੇ ਨਿਸ਼ਾਨ ਪੂਰੇ ਹੋ ਚੁਕੇ ਹਨ ਕਿ ਇਹ ਲੋਕ ਤਾਂ ਇਸ ਮੈਦਾਨ'ਚੋਂ ਭੱਜ ਹੀ ਗਏ ਹਨ । ਜਿਵੇਂ 'ਕੁਸੂਫ਼ੋ ਖ਼ਸੂਫ਼' (ਸੂਰਜ ਤੇ ਚੰਨ੍ਹ ਦੇ ਗ੍ਰਹਿਣ ਦੀ ਨੀਯਤ ਮਿਤੀਆਂ) ਰਮਜ਼ਾਨ ਵਿੱਚ ਕੀ ਉਸੇ ਢੰਗ ਨਾਲ ਨਹੀਂ ਹੋਇਆ ਜਿਵੇਂ ਕਿ ਮਹਦੀ ਦੇ ਪ੍ਰਕਟ ਹੋਣ ਲਈ ਨਿਰਧਾਰਤ ਸੀ । ਇਸੇ ਪ੍ਰਕਾਰ ਅਰੰਭ ਤੋਂ ਅਜਿਹੀ ਸਵਾਰੀ ਵੀ ਨਹੀਂ ਨਿਕਲੀ ਹੈ । ਫ਼ਰਮਾਇਆ ਨਿਸ਼ਾਨੀਆਂ ਪ੍ਰਕਟ ਕਰਦੀਆਂ ਹਨ ਕਿ ਮਸੀਹ ਮੌਊਦ ਪੈਦਾ ਹੋ ਗਿਆ ਹੈ । ਜੇਕਰ ਇਹ ਲੋਕ ਸਾਨੂੰ ਨਹੀਂ ਮੰਨ੍ਹਦੇ ਤਾਂ ਫਿਰ ਕਿਸੇ ਹੋਰ ਦੀ ਭਾਲ ਕਰਨ ਅਤੇ ਦਸੱਣ ਕਿ ਕੌਣ ਹੈ ਕਿਉਂਕਿ ਜੋ ਨਿਸ਼ਾਨੀਆਂ ਨਿਧਾਰਤ ਕੀਤੀਆਂ ਗਈਆਂ ਸਨ ਉਹ ਸਾਰੀਆਂ ਪੂਰੀਆਂ ਹੋ ਗਈਆ । ਨੇਕਨੀਤੀ ਤੇ ਖ਼ੁਸ਼ਕਿਸਮਤੀ ਨਾਲ ਜੋ ਦਲੀਲਾਂ ਨੂੰ ਦੇਖੋ ਅਤੇ ਸਮਝੋ । ਜੇਕਰ ਹੱਠ ਕਰਨਾ ਹੈ ਤਾਂ ਕੁਝ ਵੀ ਦਿਖਾਈ ਨਹੀਂ ਦੇਵੇਗਾ ਫਿਰ ਤਾਂ ਕੁਰਆਨ ਕਰੀਮ ਵੀ ਹਿਦਾਇਤ ਨਹੀਂ ਦਿੰਦਾ । ਹਰ ਇਕ ਸਚੱਾਈ ਦੇ ਖੋਜੀ ਦਾ ਹੱਕ ਹੈ ਕਿ ਉਹ ਸਾਡੇ ਇਸ ਦਾਵੇ ਦਾ ਪ੍ਰਮਾਣ ਮੰਗੇ । ਇਸ ਦੇ ਲਈ ਅਸੀਂ ਉਹੋ ਪੇਸ਼ ਕਰਦੇ ਹਾਂ ਜੋ ਨਬੀਆਂ ਨੇ ਪੇਸ਼ ਕੀਤਾ । ਕੁਰਆਨ ਕਰੀਮ ਦੀਆਂ ਆਇਤਾਂ ਤੇ ਹਦੀਸਾਂ ਅਤੇ ਬੌਧਕ ਦਲੀਲਾਂ ਅਰਥਾਤ ਵਰਤਮਾਨ ਲੋੜਾਂ । ਫਿਰ ਉਹ ਨਿਸ਼ਾਨੀਆਂ ਹਨ ਜੋ ਰੱਬ ਨੇ ਮੇਰੇ ਰਾਹੀਂ ਪ੍ਰਕਟ ਕੀਤੀਆਂ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਆਇਤ ਇਸਤਖ਼ਲਾਫ਼ ਵਿੱਚ ਰੱਬ ਨੇ ਸਾਫ਼ ਤੌਰ'ਤੇ ਇਕ ਖ਼ਿਲਾਫ਼ਤ ਦਾ ਸਿਲਸਿਲਾ (ਜਮਾਤ) ਕਾਇਮ ਕਰਨ ਦਾ ਵਾਦਾ ਕੀਤਾ ਹੈ । ਇਸ ਸਿਲਸਿਲੇ (ਜਮਾਤ) ਨੂੰ ਪਹਿਲੇ ਸਿਲਸਿਲਾਏ ਖ਼ਿਲਾਫ਼ਤ ਦੇ ਸਮਰੂਪ ਕਰਾਰ ਦਿਤੱਾ ਗਿਆ ਹੈ । ਜਿਵੇਂ ਕਿ ਫ਼ਰਮਾਇਆ كَمَا اسْتَخْلَفَ الَّذِيْنَ مِنْ قَبْلِهِمْ ਫ਼ਰਮਾਇਆ ਕਿ ਹੁਣ ਇਸ ਇਸਤਖ਼ਲਾਫ਼ ਦੇ ਵਾਦੇ ਅਨੁਸਾਰ ਉਸਦੀ ਸਮਾਨਤਾ ਦੇ ਪੱਖੋਂ ਜ਼ਰੂਰੀ ਸੀ ਕਿ ਜਿਵੇਂ ਮੂਸਵੀ ਸਿਲਸਿਲਾਏ ਖ਼ਿਲਾਫ਼ਤ ਦਾ ਖ਼ਾਤਮੁਲ ਖ਼ੁਲਫ਼ਾ ਮਸੀਹ ਸੀ, ਜ਼ਰੂਰੀ ਹੈ ਕਿ ਮੁਹਮੱਦੀ ਸਿਲਸਿਲੇ ਦੇ ਖ਼ੁਲਫ਼ਾ ਦਾ ਖ਼ਾਤਮ ਵੀ ਇਕ ਮਸੀਹ ਹੋਵੇ । ਤੀਜੀ ਗੱਲ ਇਹ ਕਿ ਰਸੂਲੁਲੱਾਹ ਸਲਲੱਾਹੁ ਅਲੈਹਿਵਸਲਮ ਨੇ ਇਹੋ ਫ਼ਰਮਾਇਆ ਹੈ ਕਿ امامکم منکم ਇਮਾਮੁ ਕੁਮ ਮਿਨਕੁਮ ਤੁਹਾਡੇ ਵਿੱਚੋਂ ਤੁਹਾਡਾ ਇਮਾਮ ਹੋਵੇਗਾ । ਚੌਥੀ ਗੱਲ ਇਹ ਆਪ ਨੇ ਫ਼ਰਮਾਈ ਕਿ ਹਰ ਸਦੀ ਦੇ ਸਿਰ'ਤੇ ਇਕ ਮੁਜਦੱਦ ਨੂੰ ਧਰਮ ਦੇ ਸੁਧਾਰ ਲਈ ਭੇਜਿਆ ਜਾਂਦਾ ਹੈ ਹੁਣ ਇਸ ਸਦੀ ਦਾ ਮੁਜਦੱਦ ਹੋਣਾ ਜ਼ਰੂਰੀ ਸੀ ਅਤੇ ਮੁਜਦੱਦ ਦਾ ਜੋ ਕੰਮ ਹੁੰਦਾ ਹੈ ਉਹ ਸੁਧਾਰ ਤੇ ਵਰਤਮਾਨ ਫ਼ਸਾਦਾਂ ਨੂੰ ਦੂਰ ਕਰਨਾ ਹੁੰਦਾ ਹੈ । ਸੋ, ਜੋ ਫ਼ਸਾਦ ਤੇ ਫ਼ਿਤਨੇ ਇਸ ਸਮੇਂ ਸਭ ਤੋਂ ਵਧੱਕੇ ਹੈ ਉਹ ਇਸਾਈ ਫ਼ਿਤਨਾ ਹੈ ਇਸ ਲਈ ਜ਼ਰੂਰੀ ਹੈ ਕਿ ਇਸ ਸਦੀ ਦਾ ਮੁਜਦੱਦ ਹੋਵੇ, ਜੋ ਸਲੀਬੀ ਫਿਤਨੇ ਨੂੰ ਖ਼ਤਮ ਕਰਨ ਵਾਲਾ ਹੋਵੇ ਜਿਸ ਦਾ ਦੂਜਾ ਨਾਂ ਮਸੀਹ ਮੌਊਦ ਹੈ । ਪੰਜਵੀ ਗੱਲ ਇਹ ਕਿ ਮੂਸਵੀ ਖ਼ਿਲਾਫ਼ਤ

ਦੀ ਸਮਾਨਤਾ ਦੇ ਪੱਖੋਂ ਵੀ ਮੁਹਮੱਦੀ ਸਿਲਸਿਲੇ ਦੇ ਖ਼ਾਤਮੁਲਖ਼ੁਲਫ਼ਾ ਦਾ ਚੌਧਵੀਂ ਸਦੀ ਵਿੱਚ ਹੀ ਹੋਣਾ ਜ਼ਰੂਰੀ ਹੈ ਕਿਉਂਕਿ ਮੂਸਾ ਅਲੈਹਿ ਸਲਾਮ ਦੇ ਬਾਦ ਚੌਧਵੀਂ ਸਦੀ ਵਿਚ ਮਸੀਹ ਅਲੈਹਿ ਸਲਾਮ ਆਏ ਸਨ । ਛੇਵੀ ਗੱਲ ਇਹ ਕਿ ਜੋ ਨਿਸ਼ਾਨੀਆਂ ਮਸੀਹ ਮੌਊਦ ਦੀਆਂ ਨਿਰਧਾਰਤ ਸਨ ਉਹਨਾਂ ਵਿੱਚੋਂ ਅਨੇਕਾਂ ਹੀ ਪੂਰੀਆਂ ਹੋ ਚੁੱਕੀਆਂ ਹਨ, ਜਿਵੇਂ ਕਿ 'ਕੁਸੂਫ਼ੋ ਖ਼ਸੂਫ਼' ਦਾ ਰਮਜ਼ਾਨ ਦੇ ਮਹੀਨੇ ਵਿੱਚ ਹੋਣਾ, ਜੋ ਦੋ ਵਾਰ ਹੋ ਚੁਕਾ, ਹੱਜ ਦਾ ਬੰਦ ਹੋਣਾ, ਜ਼ੁਲਸਨੇਨ, ਤਾਰਿਆਂ ਦਾ ਨਿਕਲਨਾ, ਤਾਊਨ (ਪਲੇਗ) ਦਾ ਫ਼ੁਟੱਣਾ, ਰੇਲਾਂ ਦਾ ਅਰੰਭ, ਊਠਾਂ ਦਾ ਬੇਕਾਰ ਹੋਣਾ ਆਦਿ ਸਤੱਵੀ ਗੱਲ ਇਹ ਕਿ ਸੂਰਤ ਫ਼ਤਿਹਾ ਦੀ ਦੁਆ ਤੋਂ ਵੀ ਇਹ ਸਾਬਤ ਹੁੰਦਾ ਹੈ ਕਿ ਆਉਣ ਵਾਲਾ ਇਸੇ ਉਮੱਤ ਵਿੱਚੋਂ ਹੋਵੇਗਾ ਭਾਵ ਇਕ ਦੋ ਨਹੀਂ ਸਗੋਂ ਸੈਂਕੜਿਆਂ ਦਲੀਲਾਂ ਇਸ ਗੱਲ'ਤੇ ਹਨ ਕਿ ਆਉਣ ਵਾਲਾ ਇਸੇ ਉਮੱਤ ਵਿੱਚ ਆਉਣਾ ਚਾਹੀਦਾ ਹੈ ਕਿ ਅਤੇ ਇਸ ਦਾ ਇਹੋ ਸਮਾਂ ਹੈ । ਹੁਰ ਰੱਬ ਦੇ ਇਲਹਾਮ ਅਤੇ ਵਹੀ ਰਾਹੀਂ ਮੈਂ ਮਹਿੰਦਾ ਹਾਂ ਕਿ ਜੋ ਆਉਣ ਵਾਲਾ ਸੀ ਉਹ ਮੈਂ ਹਾਂ । ਆਦਿ ਤੋਂ ਰੱਬ ਨੇ ਮਿਨਹਾਜੇ ਨਬੁਵੱਤ'ਤੇ ਜੋ ਪ੍ਰਮਾਣ ਦਾ ਤਰੀਕਾ ਰੱਖਿਆ ਹੋਇਆ ਹੈ ਉਹ ਮੇਰੇ ਕੋਲੋਂ ਜਿਸ ਦਾ ਮਨ ਚਾਹੇ ਲੈ ਲਏ । ਜਿੰਨ੍ਹੀਆਂ ਨਿਸ਼ਾਨੀਆਂ ਮੇਰੇ ਪੱਖ ਵਿੱਚ ਪ੍ਰਕਟ ਹੋਈਆਂ ਹਨ ਉਹਨਾ ਨੂੰ ਦੇਖ ਲਓ । ਮੈਂਨੂੰ ਦੁੱਖ ਹੁੰਦਾ ਹੈ ਜੱਦ ਇਹਨਾਂ ਵਿਰੋਧੀਆਂ ਦੀ ਹਾਲਤ ਉਪੱਰ ਨਜ਼ਰ ਮਾਰਦਾ ਹਾਂ ਕਿ ਜਿੰਨਾ ਕਰਜਾਂ ਨੂੰ ਨਿਸ਼ਾਨੀ ਦੇ ਰੂਪ ਵਿੱਚ ਪੇਸ਼ ਕੀਤਾ ਕਰਦੇ ਸਨ, ਹੁਣ ਜੱਦ ਉਹ ਪੂਰੇ ਹੋ ਚੁਕੇ ਹਨ ਤਾਂ ਉਹਨਾਂ ਦੀ ਅਵਸਥਾ ਉਪੱਰ ਇਤਰਾਜ਼ ਕਰਨ ਲੱਗ ਗਏ ਹਨ । ਉਧਰਣ ਲਈ ਪਹਿਲਾਂ ਚੰਨ੍ਹ ਤੇ ਸੂਰਜ ਦੀ ਨਿਸ਼ਾਨੀ ਮੰਗਿਆ ਕਰਦੇ ਸਨ । ਹੁਣ ਕਹਿੰਦੇਹਨ ਕਿ ਇਹ ਹਦੀਸ ਠੀਕ ਨਹੀਂ ਹੈ । ਪਰ ਕੋਈ ਇਹਨਾਂ ਨੂੰ ਪੁੱਛੇ ਕਿ ਜਿਸ ਰੱਬ ਨੇ ਸਹੀ ਸਾਬਤ ਕਰ ਦਿਤੱਾ, ਕੀ ਉਹ ਇਹਨਾਂ ਦੇ ਕਹਿਣ'ਤੇ ਝੂਠੀ ਹੋ ਜਾਵੇਗੀ । ਦੁਖ ਤਾਂ ਇਹ ਹੈ ਕਿ ਐਨ੍ਹਾ ਕਹਿੰਦਿਆਂ ਹਇਆਂ ਇਹਨਾਂ ਨੂੰ ਸ਼ਰਮ ਨਹੀਂ ਆਉਂਦੀ ਕਿ ਇਸ ਨਾਲ ਅਸੀਂ ਮਸੀਹ ਮੌਊਦ ਦਾ ਇਨਕਾਰ ਨਹੀਂ ਕਰਦੇ ਸਗੋਂ ਰਸੂਲੇ ਕਰੀਮ ਸਲਲੱਾਹੁ ਅਲੈਹ ਵਸਲਮ ਦਾ ਇਨਕਾਰ ਕਰ ਰਹੇ ਹਾਂ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਚਾਈ ਪਤਾ ਕਰਨ ਦਾ ਤਰੀਕਾ ਦਸਦਿਆਂ ਹੋਇਆਂ ਦਸੱਦੇ ਹਨ ਕਿ ਕਿ ਜੇਕਰ ਸਚੱਾਈ ਪਤਾ ਕਰਨੀ ਹੈ ਫਿਰ ਆਪਣੀਆਂ ਨਮਾਜ਼ਾਂ ਵਿੱਚ ਰੱਬ ਤੋਂ ਦੁਆਵਾਂ ਮੰਗਣ ਕਿ ਉਹ ਉਹਨਾ'ਤੇ ਸਚੱਾਈ ਨੂੰ ਖੋਲ ਦੇਵੇ, ਅਤੇ ਮੈਂ ਵਿਸ਼ਵਾਸ਼ ਰਖੱਦਾ ਹਾਂ ਕਿ ਜੇਕਰ ਮਨੁੱਖ ਹੱਠ ਤੇ ਪਖੱਪਾਤ ਤੋਂ ਅੱਡ ਹੋਕੇ ਸਚੱਾਈ ਦੇ ਪ੍ਰਕਟ ਹੋਣ ਲਈ ਰੱਬ ਵੱਲ ਧਿਆਨ ਕਰੇਗਾ ਤਾਂ ਇਕ ਚਿਲੱਾ ਨ ਲੰਘੇਗਾ ਕਿ ਉਸ'ਤੇ ਸਚੱਾਈ ਖੁੱਲ ਜਾਏਗੀ । ਪਰ ਬਹੁਤ ਹੀ ਘੱਟ ਲੋਕ ਹਨ ਜੋ ਇਹਨਾਂ ਸ਼ਰਤਾ ਨਾਲ ਰੱਬ ਤੋਂ ਫ਼ੈਸ਼ਲਾ ਚਾਹੁੰਦੇ ਹਨ ਅਤੇ ਇਸੇ ਤਰ੍ਹਾਂ ਆਪਣੀ ਘੱਟਅਕਲੀ ਤੇ ਹੱਠ ਅਤੇ ਚਿੜ੍ਹ ਕਰਕੇ ਰੱਬ ਦੇ ਵਲੀ ਦਾ ਇਨਕਾਰ ਕਰਕੇ ਸੱਚੇ ਇਮਾਨ ਤੋਂ ਖ਼ੁੱਸ ਜਾਂਦੇ ਹਨ ।

ਰੱਬ ਮੁਸਲਮਾਨਾ ਨੂੰ ਅਕਲ ਦੇਵੇ ਕਿ ਉਹ ਕੇਵਲ ਮੌਲਵੀਆਂ ਦੀਆਂ ਗਲੱਾਂ ਵਿੱਚ ਨ ਆਉਣ ਸਗੋਂ ਆਪਣੀ ਅਕਲ ਦੀ ਵਰਤੋਂ ਕਰਨ ਅਤੇ ਖ਼ਾਲਸ ਹੋਕੇ ਰੱਬ ਤੋਂ ਮਦਦ ਮੰਗਣ । ਰੱਬ ਉਹਨਾਂ ਦੇ ਦਿਲ ਖੋਲ ਦੇਵੇ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਕੇ ਇਸ ਹਾਲਤ ਵਿੱਚੋਂ ਬਾਹਰ ਨਿਕਲਣ ਜਿਸ ਵਿੱਚ ਅੱਜ ਕੱਲ ਮੁਸਲਮਾਨ ਦੁਨੀਆ ਇਕ ਅਜੀਬ ਅਵਸਥਾ ਵਿੱਚ ਫਸੀ ਹੋਈ ਹੈ । ਕੋਈ ਮਾਰਗ ਉਹਨਾਂ ਨੂੰ ਬਚਣ ਦਾ ਦਿਖਾਈ ਨਹੀਂ ਦੇ ਰਿਹਾ ਹੈ । ਪਾਕਿਸਤਾਨ ਵਿੱਚ ਨਿਤ ਨਵੀਆਂ ਤੰਜ਼ੀਮਾ ਬਣ ਰਹੀਆਂ ਹਨ ਹੁਣ ਇਕ ਨਵੀਂ ਤੰਜ਼ੀਮ ਬਣੀ ਹੈ ਲਬੈਕ ਯਾ ਰਸੂਲੁਲੱਾਹ ਜਿੰਨ੍ਹਾ ਨੇ ਮਾਰਚ ਕੀਤਾ ਪਹਿਲਾਂ ਲਾਹੌਰ ਦਾ ਘੇਰਾਓ ਕੀਤਾ, ਫਿਰ

ਇਸਲਾਮਾਬਾਦ ਦਾ ਘੇਰਾਓ ਕੀਤਾ, ਇਸ ਦੇ ਬਾਦ ਇਕ ਇਸੇ ਨਾਂ ਦੀ ਇਕ ਹੋਰ ਤੰਜ਼ੀਮ ਹੈ ਜੋ ਘੇਰਾਓ ਕਰ ਰਹੀ ਹੈ ਅਤੇ ਘੇਰਾ ਪਾਇਆ ਹੋਇਆ ਹੈ ਇਸਲਾਮਾਬਾਦ ਦਾ ਅਤੇ ਕੋਈ ਹਕੂਮਤ ਕੋਈ ਫ਼ੌਜ ਕੋਈ ਕਾਨੂਨ ਇਹਨਾਂ ਨੂੰ ਰੋਕ ਨਹੀਂ ਸਕਦਾ । ਲੱਬੈਕ ਯਾ ਰਸੂਲੁਲੱਾਹ ਕਹਿਣ ਵਾਲੇ ਤਾਂ ਅਸਲ ਵਿੱਚ ਅਸੀਂ ਅਹਮਦੀ ਹਨ ਜਿੰਨ੍ਹਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਗੱਲ ਨੂੰ ਸੁਣਿਆ ਕਿ ਜੱਦ ਮੇਰਾ ਮਸੀਹ ਤੇ ਮਹਦੀ ਆਏ ਤਾਂ ਉਸ ਨੂੰ ਮੰਨ੍ਹਣਾ, ਉਸਨੂੰ ਸਲਾਮ ਕਹਿਣਾ । ਇਹ ਹੈ ਲਬੈਕ ਕਹਿਣ ਦਾ ਅਸਲ ਸਹੀ ਤਰੀਕਾ । ਕਾਸ਼ ਇਹ ਲੋਕ ਵੀ ਇਸ ਨੂੰ ਸਮਝਣ ।

ਅਲੱਾਹ ਤਆਲਾ ਦੁਨੀਆ ਨੂੰ ਵੀ, ਪਕਿਸਤਾਨ ਨੂੰ ਵੀ ਹਰ ਮੁਸਲਮਾਨ ਦੇਸ਼ਾਂ ਨੂੰ ਵੀ ਫਿਤਨਿਆਂ ਤੇ ਫ਼ਸਾਦਾਂ ਤੋਂ ਬਚਾਏ ਅਤੇ ਰੱਬ ਮੁਸਲਮਾਨਾ ਉਪੱਰ ਵਿਸ਼ੇਸ਼ ਰੂਪ ਵਿੱਚ ਰਹਿਮ ਕਰੇ ਕਿਉਂਕਿ ਅੱਜ ਕੱਲ ਜੋ ਹਾਲਾਤ ਹੋ ਰਹੇ ਹਨ ਅਤੇ ਜੋ ਮੁਸਲਮਾਨ ਦੁਨੀਆ ਦੇ ਖ਼ਿਲਾਫ਼ ਮੰਸੂਬਾਬੰਦੀ ਹੋ ਰਹੀ ਹੈ ਉਹ ਬਹੁਤ ਹੀ ਖ਼ੌਫ਼ਨਾਕ ਹੈ ਜੇਕਰ ਉਹਨਾਂ ਨੇ ਹੁਣ ਵੀ ਨ ਸਮਝਿਆ ਤਾਂ ਫਿਰ ਬਾਦ ਵਿੱਚ ਇਹ ਪਛਤਾਉਣਗੇ । ਰੱਬ ਰਹਿਮ ਕਰੇ ।

**Khulasa Khutba J̣umma 17.11.2017**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131